## ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ, ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੋਥੀ ਮੰਜਿਲ)

### ਪਬਲਿਕ ਨੋਟਿਸ

ਦਫਤਰ ਦੇ ਹੁਕਮ ਨੰਬਰ (ਈ-642138)/(ਦ.ਅ.-6)/202468321 ਮਿਤੀ 13-03-2024 ਰਾਹੀ ਸਿੱਖਿਆ ਵਿਭਾਗ, ਪੰਜਾਬ ਦੇ ਅਧੀਨ ਦਫ਼ਤਰਾਂ/ ਵਿੱਦਿਅਕ ਸੰਸਥਾਵਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਨੂੰ ਬਤੌਰ ਸੀਨੀਅਰ ਸਹਾਇਕ ਪਦ-ਉੱਨਤ ਕਰਦੇ ਹੋਏ ਆਪਣੀ ਹਾਜਰੀ ਹੁਕਮ ਜਾਰੀ ਹੋਣ ਦੀ ਮਿਤੀ ਤੋਂ 14-03-2024 ਸ਼ਾਮ 5:00 ਵਜੇ ਤੱਕ ਆਪਣੇ ਸਬੰਧਤ ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਵਿੱਚ ਪੇਸ਼ ਕਰਨ ਲਈ ਲਿਖਿਆ ਗਿਆ ਸੀ। ਇਸ ਲਈ ਸਬੰਧਤ ਪਦ ਉਨਤ ਹੋਏ ਕਰਮਚਾਰੀਆਂ, ਜਿਨਾ ਵਲੋ ਆਪਣੇ ਸਬੰਧਤ ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਵਿਖੇ ਆਪਣੀ ਹਾਜਰੀ ਦੇ ਦਿੱਤੀ ਗਈ ਹੈ, ਉਨਾਂ ਪਦ ਉਨਤ ਹੋਏ ਕਰਮਚਾਰੀਆਂ ਨੂੰ ਸਟੇਸ਼ਨ ਚੋਣ ਕਰਨ ਲਈ ਇਸ ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਫੇਜ-8, ਐਸ.ਏ.ਐਸ. ਨਗਰ, ਈ ਬਲਾਕ, ਚੋਥੀ ਮੰਜਿਲ, ਦਫਤਰੀ ਅਮਲਾ ਸ਼ਾਖਾ ਵਿਖੇ ਮਿਤੀ 15-03-2024 ਨੂੰ ਸਮਾਂ ਸਵੇਰੇ 10:00 ਵਜੇ ਹਾਜਰ ਹੋਣ ਲਈ ਹਦਾਇਤ ਕੀਤੀ ਜਾਂਦੀ ਹੈ।

ਨੋਟ ः ਸਮੂਹ ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲੇ ਨਾਲ ਸਬੰਧਤ ਪਦਉਨਤ ਹੋਏ ਕਰਮਚਾਰੀਆਂ ਦੀ ਜੁਆਇਨਿੰਗ ਦੀ ਰਿਪੋਰਟ ਮਿਤੀ 14-03-2024 ਨੂੰ ਸ਼ਾਮ 5:00 ਵਜੇ ਤੱਕ ਇਸ ਸ਼ਾਖਾ ਦੀ ਈਮੇਲ ਆਈ.ਡੀ. medpipunjab@punjabeducation.gov.in ਤੇ ਭੇਜਣੀ ਯਕੀਨੀ ਬਣਾਉਣਗੇ ਅਤੇ ਇਹਨਾਂ ਕਰਮਚਾਰੀਆਂ ਨੂੰ ਇਸ ਦਫਤਰ ਵਿਖੇ ਮਿਤੀ 15-03-2024 ਨੂੰ ਸਵੇਰੇ 10:00 ਵਜੇ ਹਾਜਰ ਹੋਣ ਲਈ ਹਦਾਇਤ ਕਰਨਾ ਯਕੀਨੀ ਬਣਾਉਣਗੇ।

13/3/24

ਸਹਾਇਕ ਡਾਇਰੈਕਟਰ (ਦਫਤਰੀ ਅਮਲਾ ਸ਼ਾਖਾ)